ਸਤੰਬਰ-ਦਸੰਬਰ 2023

ਜਿਲਦ-1

ਅੰਕ-2

ISSN 2584-0509

ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ

# ਖੋਜਨਾਮਾ

ਸੰਪਾਦਕ

ਡਾ. ਜਸਵਿੰਦਰ ਸਿੰਘ ਬਰਾੜ

# ਮੇਰੀ ਫ਼ਿਲਮੀ ਆਤਮਕਥਾ ਵਿੱਚ ਪ੍ਰਸਤੁਤ ਬਲਰਾਜ ਸਾਹਨੀ ਦਾ ਜੀਵਨ-ਬਿੰਬ ਅਤੇ ਜੀਵਨ-ਦ੍ਰਿਸ਼ਟੀ : ਪਾਠਾਤਮਕ ਅਧਿਐਨ



ਡਾ. ਰਮਨਪ੍ਰੀਤ ਕੌਰ
ਮੁਖੀ, ਪੰਜਾਬੀ ਵਿਭਾਗ
ਪੰਜਾਬ ਕੇਂਦਰੀ ਯੂਨੀਵਰਸਿਟੀ,
ਬਠਿੰਡਾ (ਪੰਜਾਬ)
ramanpreet.cup@gmail.com

## I

ਜੀਵਨ, ਜੀਵਨ-ਦ੍ਰਿਸ਼ਟੀ ਅਤੇ ਜੀਵਨ-ਦ੍ਰਿਸ਼ਟੀ ਬੋਧ ਮਾਨਵੀ ਪ੍ਰਕਿਰਤੀ ਦੀਆਂ ਵਿਸ਼ੇਸ਼ਤਾਵਾਂ ਵੀ ਹਨ ਤੇ ਵਿਲੱਖਣਤਾਵਾਂ ਵੀ। ਬੇਸ਼ੱਕ ਪ੍ਰਾਣੀ-ਜਗਤ ਦੇ ਸਾਰੇ ਵਜੂਦ ਜੀਵਨ-ਚੱਕਰ ਦੇ ਧਾਰਨੀ ਹੁੰਦੇ ਹਨ, ਪਰ ਕੇਵਲ ਮਨੁੱਖ ਹੀ ਅਜਿਹਾ ਪ੍ਰਾਣੀ ਹੈ ਜੋ ਜੀਵਨ ਚੱਕਰ ਨੂੰ ਭੋਗਦਾ ਵੀ ਹੈ ਅਤੇ ਇਸ ਸੰਬੰਧੀ ਦ੍ਰਿਸ਼ਟੀ ਸਿਰਜਣ ਦੇ ਸਮਰੱਥ ਵੀ ਹੁੰਦਾ ਹੈ। ਉਸ ਦੀਆਂ ਪੰਜ ਗਿਆਨ ਇੰਦਰੀਆਂ (ਅੱਖਾਂ, ਨੱਕ, ਕੰਨ, ਜੀਭ ਅਤੇ ਚਮੜੀ) ਦੇ ਪੰਜ ਤਨ-ਮਾਤਰ (ਨਾਦ, ਰੂਪ, ਗੰਧ, ਸੁਆਦ, ਸਪਰਸ਼) ਉਸ ਨੂੰ ਆਪਣੇ ਆਲੇ-ਦੁਆਲੇ ਦਾ ਪ੍ਰਤੱਖਣ ਕਰਵਾਉਂਦੇ ਹਨ। ਮਨੁੱਖ ਦਾ ਇਹ ਗੁਣ ਉਸਨੂੰ ਪ੍ਰਾਣੀ-ਜਗਤ ਦੇ ਬਾਕੀ ਜੀਵਾਂ ਨਾਲ ਜੋੜਦਾ ਹੈ। ਮਹੱਤਵਪੂਰਨ ਪੱਖ ਇਹ ਹੈ ਕਿ ਮਨੁੱਖ ਕੋਲ ਆਪਣੇ ਪ੍ਰਤੱਖਣ ਨੂੰ ਸਾਂਭਣ ਦੀ ਸਮਰੱਥਾ ਹੁੰਦੀ ਹੈ। ਇਸ ਲਈ ਉਹ ਜਦੋਂ ਕਾਲ-ਅੰਤਰ ਵਿੱਚ ਆਪਣੇ ਸਾਂਭੇ ਹੋਏ ਪ੍ਰਤੱਖਣ ਨੂੰ ਨਵੇਂ ਅਨੁਭਵ ਦੇ ਤੁਲਨਾਤਮਕ ਪਰਿਪੇਖ ਵਿੱਚ ਗ੍ਰਹਿਣ ਕਰਦਾ ਹੈ ਤਾਂ ਉਸ ਦੀ ਜੀਵਨ-ਦ੍ਰਿਸ਼ਟੀ ਦਾ ਉਦੈ ਹੁੰਦਾ ਹੈ। ਇਹ ਤੁਲਨਾਤਮਕ ਪ੍ਰਤੱਖਣ ਉਸ ਨੂੰ ਜੀਵ-ਜਗਤ ਵਿੱਚ ਵਿਲੱਖਣ ਸਥਾਨ ਦਾ ਧਾਰਨੀ ਬਣਾਉਂਦਾ ਹੈ। ਹਰੇਕ ਸਮਾਜ ਵਿੱਚ ਕੁਝ ਵਸ਼ਿਸ਼ਟ ਤੇ ਵਿਲੱਖਣ ਪ੍ਰਤਿਭਾ ਵਾਲੇ ਵਿਅਕਤੀ ਹੁੰਦੇ ਹਨ, ਜਿਹੜੇ ਆਪਣੀ ਜੀਵਨ-ਦ੍ਰਿਸ਼ਟੀ ਦੀ ਸਿਰਜਣ-ਪ੍ਰਕਿਰਿਆ ਬਾਰੇ ਸੁਚੇਤ ਹੁੰਦੇ ਹਨ ਅਤੇ ਆਪਣੇ ਕਲਾਤਮਕ ਪ੍ਰਗਟਾਵੇ ਰਾਹੀਂ ਇਸ ਦਾ ਸੰਚਾਰ ਵੀ ਕਰਦੇ ਹਨ। ਅਜਿਹੇ ਵਿਅਕਤੀਆਂ ਕੋਲ ਮਨੁੱਖ ਦੀ ਪ੍ਰਾਪਤੀ, ਅਪ੍ਰਾਪਤੀ ਅਤੇ ਸੰਭਾਵੀ ਪ੍ਰਾਪਤੀ ਦੀ ਸੋਝੀ ਹੁੰਦੀ ਹੈ। ਇਸ ਲਈ ਜਦੋਂ ਉਹ ਜੀਵਨ-ਦ੍ਰਿਸ਼ਟੀ ਬਾਰੇ ਆਪਣੀ ਇਸ ਸੁਰਤ ਦਾ ਸੰਚਾਰ ਕਰਦੇ ਹਨ ਤਾਂ ਉਹਨਾਂ ਕੋਲ ਤਿੰਨ ਤਰ੍ਹਾਂ ਦੀਆਂ ਸੰਭਾਵਨਾਵਾਂ ਹੁੰਦੀਆਂ ਹਨ। ਪਹਿਲੀ ਸੰਭਾਵਨਾ ਇਹ ਹੈ ਕਿ ਉਹ ਕੇਵਲ ਆਪਣੇ ਸਵੈ ਨਾਲ ਸੰਬੰਧਿਤ ਲੋੜਾਂ ਤੱਕ ਸੀਮਤ ਰਹਿਣ। ਦੂਜੀ ਇਹ ਹੈ ਕਿ ਉਹ ਆਪਣੀ ਸੰਬੰਧਤਮਿਕਤਾ ਨੂੰ ਸਵੈ ਤੇ ਪਰ ਦੇ ਹਵਾਲੇ ਨਾਲ ਸਮਝਣ ਦਾ ਯਤਨ ਕਰਨ ਅਤੇ ਤੀਜੀ ਸੰਭਾਵਨਾ ਇਹ ਕਿ ਉਹ ਸਮਾਜਿਕ ਸੰਬੰਧਾਂ ਨਾਲ ਜੁੜੇ ਸਰੋਕਾਰਾਂ ਨੂੰ ਆਪਣੀ ਜੀਵਨ-ਦ੍ਰਿਸ਼ਟੀ ਦਾ ਹਵਾਲਾ ਬਿੰਦੂ ਬਣਾ ਲੈਣ। ਆਮ ਤੌਰ ਤੇ ਇਹ ਤਿੰਨੇ ਸੰਭਾਵਨਾਵਾਂ ਸਮਾਜਿਕ ਪੱਧਰ 'ਤੇ ਸੁਚੇਤ ਸ਼ਖ਼ਸੀਅਤਾਂ ਤੇ ਸਾਹਿਤ ਸਿਰਜਕਾਂ ਦੀਆਂ ਰਚਨਾਵਾਂ ਵਿੱਚ ਦ੍ਰਿਸ਼ਟੀਗੋਚਰ ਹੁੰਦੀਆਂ ਹਨ।

## II

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਮੁੱਦਈ ਬਲਰਾਜ ਸਾਹਨੀ ਬਹੁਪੱਖੀ ਪ੍ਰਤਿਭਾ ਦਾ ਮਾਲਕ ਅਜਿਹੀ ਸ਼ਖ਼ਸੀਅਤ ਹੈ ਜਿਸਨੇ ਅਦਾਕਾਰੀ, ਕਲਾਕਾਰੀ ਤੇ ਸਾਹਿਤਕਾਰੀ ਦੇ

ਖੇਤਰਾਂ ਵਿੱਚ ਆਪਣੀ ਅਮਿੱਟ ਛਾਪ ਛੱਡੀ ਹੈ। ਇੱਕ ਕਲਾਕਾਰ ਵਜੋਂ ਭਾਰਤੀ, ਵਿਸ਼ੇਸ਼ ਕਰਕੇ ਹਿੰਦੀ ਫ਼ਿਲਮ ਇੰਡਸਟਰੀ ਨੂੰ ਉਸ ਦੀ ਦੇਣ ਬਹੁਮੁੱਲੀ ਹੈ। 'ਧਰਤੀ ਕੇ ਲਾਲ'. 'ਦੋ ਬਿਘਾ ਜ਼ਮੀਨ', 'ਵਕਤ', 'ਗਰਮ ਹਵਾ' ਆਦਿ ਫ਼ਿਲਮਾਂ ਵਿੱਚ ਉਸ ਦੁਆਰਾ ਨਿਭਾਈ ਗਈ ਅਦਾਕਾਰੀ ਭਾਰਤੀ ਫ਼ਿਲਮ ਇੰਡਸਟਰੀ ਦੇ ਇਤਿਹਾਸ ਦਾ ਸੁਨਹਿਰੀ ਪੰਨਾ ਮੰਨੀ ਜਾਂਦੀ ਹੈ। ਉਸ ਨੂੰ ਕਈ ਚਿਹਰਿਆਂ ਵਾਲੇ ਕਲਾਕਾਰ ਦਾ ਨਾਂ ਦਿੱਤਾ ਗਿਆ ਹੈ। ਉਹ ਭਾਵੇ ਕਿਸਾਨ ਬਣੇ ਜਾਂ ਕਲਰਕ, ਰਿਕਸ਼ਾ-ਚਾਲਕ ਬਣੇ ਜਾਂ ਲੋਕ-ਗਾਇੱਕ, ਕਰੋੜਪਤੀ ਬਣੇ ਜਾਂ ਕੰਗਾਲ, ਉਸ ਨੇ ਆਪਣੀ ਖ਼ੁਦ ਦੀ ਸ਼ਖ਼ਸੀਅਤ ਨੂੰ ਉਹਨਾਂ ਪਾਤਰਾਂ ਵਿੱਚ ਉਜਾਗਰ ਨਹੀਂ ਹੋਣ ਦਿੱਤਾ। ਇਸ ਲਈ ਉਹ ਪਾਤਰ ਇੰਨੇ ਸੰਜੀਵ ਹੋ ਕੇ ਸਾਕਾਰ ਹੋਏ। ਇਸੇ ਵਿੱਚ ਬਲਰਾਜ ਸਾਹਨੀ ਦੀ ਕਲਾ ਦੀ ਮਹਾਨਤਾ ਹੈ।[1]

ਬਲਰਾਜ ਸਾਹਨੀ ਸਾਹਿਤਕਾਰ ਪਹਿਲਾਂ ਸੀ ਤੇ ਕਲਾਕਾਰ ਬਾਅਦ ਵਿੱਚ। ਬੇਸ਼ੱਕ ਉਸ ਨੇ ਕਲਾਕਾਰੀ ਦੇ ਖੇਤਰ ਵਿੱਚ ਸ਼ੁਹਰਤ ਦੇ ਸਿਖ਼ਰ ਨੂੰ ਛੂਹਿਆ, ਪਰ ਉਸ ਦਾ ਪਹਿਲਾ ਸ਼ੌਕ ਸਾਹਿਤ ਪੜ੍ਹਨਾ ਤੇ ਸਾਹਿਤਕਾਰ ਬਣਨਾ ਸੀ। ਉਸ ਦੇ ਆਪਣੇ ਕਹਿਣ ਅਨੁਸਾਰ ਫ਼ਿਲਮ ਅਦਾਕਾਰ ਬਣਨਾ ਤਾਂ ਇੱਕ ਸੰਜੋਗ ਸੀ:

"ਮੈਨੂੰ ਸਦਾ ਤੋਂ ਸ਼ੌਕ ਸਾਹਿਤਕਾਰ ਬਣਨ ਦਾ ਹੀ ਰਿਹਾ ਹੈ।...ਫ਼ਿਲਮ ਐਕਟਰ ਤਾਂ ਮੈਂ ਸੰਜੋਗਵਸ ਹੀ ਬਣ ਗਿਆ"।[2]

ਬਲਰਾਜ ਸਾਹਨੀ ਜਮਾਂਦਰੂ ਸਾਹਿਤਕਾਰ ਸੀ। ਮਹਿਜ਼ 9-10 ਸਾਲ ਦੀ ਉਮਰ ਵਿੱਚ 'ਗੁਰੂਕੁਲ' ਦੀ ਪੜ੍ਹਾਈ ਦੌਰਾਨ ਸੰਸਕ੍ਰਿਤ ਵਿੱਚ ਛੋਟੇ-ਛੋਟੇ ਸਲੋਕ ਲਿਖ ਕੇ ਉਸ ਨੇ ਆਪਣੇ ਸਾਹਿਤਕ ਸਫ਼ਰ ਦੀ ਸ਼ੁਰੂਆਤ ਕਰ ਦਿੱਤੀ ਸੀ। ਇਹ ਪ੍ਰਕਿਰਿਆ ਕਾਲਜ ਦੀ ਪੜ੍ਹਾਈ ਦੌਰਾਨ ਅੰਗਰੇਜ਼ੀ ਸਾਹਿਤ ਦੇ ਪ੍ਰਭਾਵ ਅਧੀਨ ਹੋਰ ਪ੍ਰਫੁੱਲਤ ਹੋਈ। ਫ਼ਿਲਮਾਂ ਵਿੱਚ ਪੈਰ ਧਰਨ ਤੋਂ ਪਹਿਲਾਂ ਹੀ ਉਸਦੀ ਪਛਾਣ ਹਿੰਦੀ ਕਹਾਣੀਕਾਰ ਵਜੋਂ ਹੋ ਚੁੱਕੀ ਸੀ। ਸ਼ਾਂਤੀ ਨਿਕੇਤਨ ਦੇ ਮਾਹੌਲ ਤੇ ਗੁਰੂਦੇਵ ਰਬਿੰਦਰ ਨਾਥ ਟੈਗੋਰ ਦੀ ਪ੍ਰੇਰਨਾ ਸਦਕਾ ਮਗਰੋਂ ਉਸ ਦੀ ਰੁਚੀ ਮਾਂ-ਬੋਲੀ ਪੰਜਾਬੀ ਵਿੱਚ ਹੋਈ ਤਾਂ ਇਹ ਅਹਿਸਾਸ ਹੋਇਆ ਕਿ ਜਿੰਨੀ ਸਹਿਜਤਾ ਤੇ ਸ਼ਿੱਦਤ ਨਾਲ ਮਨੁੱਖ ਆਪਣੇ ਅਹਿਸਾਸਾਂ, ਅਨੁਭਵ ਅਤੇ ਵਿਚਾਰਾਂ ਆਦਿ ਨੂੰ ਆਪਣੀ ਮਾਂ ਬੋਲੀ ਵਿੱਚ ਪ੍ਰਗਟਾ ਸਕਦਾ ਹੈ, ਓਨਾ ਕਿਸੇ ਹੋਰ ਜ਼ੁਬਾਨ ਵਿੱਚ ਨਹੀਂ ਬਿਆਨਿਆ ਜਾ ਸਕਦਾ।

III

"ਸਾਹਿਤ-ਸ਼ਾਸ਼ਤਰੀਆਂ ਨੇ ਅਨੁਭਵ ਦੀ ਦ੍ਰਿਸ਼ਟੀ ਤੋਂ ਸਾਹਿਤ ਨੂੰ ਦੋ ਵਰਗਾਂ ਵਿੱਚ ਵੰਡਿਆ ਹੈ। ਪਹਿਲਾ ਵਰਗ ਉਨ੍ਹਾਂ ਸਾਹਿਤ-ਰੂਪਾਂ ਦਾ ਹੈ, ਜਿਸ ਵਿੱਚ ਲੇਖਕ ਆਪਣਾ ਅਨੁਭਵ ਉੱਤਮਪੁਰਖੀ ਸ਼ੈਲੀ ਵਿੱਚ ਬਿਆਨ ਕਰਦਾ ਹੈ। ਅਜਿਹੇ ਸਾਹਿਤ ਨੂੰ ਆਤਮ-ਅਭਿਵਿਅਕਤੀ

ਜਾਂ ਆਤਮ-ਪ੍ਰਕਾਸ਼ ਦਾ ਸਾਹਿਤ ਕਿਹਾ ਜਾਂਦਾ ਹੈ। ਵਾਰਤਕ ਦੇ ਵਧੇਰੇ ਰੂਪ ਜਿਵੇਂ ਸਵੈ-ਜੀਵਨੀ, ਆਤਮ ਸੰਸਮਰਣ, ਨਿਬੰਧ, ਸਫ਼ਰਨਾਮਾ, ਚਿੱਠੀ ਅਤੇ ਡਾਇਰੀ ਆਦਿ ਇਸੇ ਵਰਗ ਵਿੱਚ ਆਉਂਦੇ ਹਨ। ਇਸ ਦ੍ਰਿਸ਼ਟੀ ਤੋਂ ਬਲਰਾਜ ਸਾਹਨੀ ਦੀ ਸਾਰੀ ਵਾਰਤਕ ਆਤਮ-ਪ੍ਰਕਾਸ਼ ਦਾ ਸਾਹਿਤ ਹੈ, ਕਿਉਂਕਿ ਉਸ ਨੇ ਸਵੈ-ਜੀਵਨੀ ਲਿਖੀ ਅਤੇ ਨਿਬੰਧ ਵੀ, ਸਫ਼ਰਨਾਮੇ ਵੀ ਰਚੇ ਹਨ ਅਤੇ ਆਤਮ ਸੰਸਮਰਣ ਵੀ। ਸਾਹਿਤ ਦਾ ਦੂਜਾ ਵਰਗ ਉਹ ਹੈ ਜਿਸ ਵਿੱਚ ਲੇਖਕ ਆਪਣਾ ਅਨੁਭਵ ਕਿਸੇ ਹੋਰ ਦਾ ਬਣਾ ਕੇ ਪੇਸ਼ ਕਰਦਾ ਹੈ। ਉਹ ਆਪਣੀ ਥਾਂ ਕੋਈ ਹੋਰ ਪਾਤਰ ਸਿਰਜ ਲੈਂਦਾ ਹੈ ਅਤੇ ਮਨਇੱਛਤ ਗੱਲ ਉਸਦੇ ਮੂੰਹੋਂ ਕਢਵਾਉਂਦਾ ਹੈ। ਇਸ ਵਰਗ ਵਿੱਚ ਨਾਵਲ, ਨਾਟਕ, ਕਹਾਣੀ ਆਦਿ ਸਾਹਿਤ ਰੂਪ ਆ ਜਾਂਦੇ ਹਨ।"[3]

ਬਲਰਾਜ ਸਾਹਨੀ ਨੇ ਭਾਵੇ ਕਵਿਤਾ, ਨਾਵਲ, ਨਾਟਕ, ਕਹਾਣੀ ਆਦਿ ਸਾਹਿਤ-ਰੂਪਾਂ ਵਿੱਚ ਵੀ ਕਲਮ ਅਜ਼ਮਾਈ ਕੀਤੀ ਹੈ, ਪਰੰਤੂ ਪੰਜਾਬੀ ਸਾਹਿਤ ਜਗਤ ਵਿੱਚ ਉਸ ਦੀ ਪਛਾਣ ਇੱਕ ਵਾਰਤਕ ਲੇਖਕ ਵਜੋਂ ਉਭਰਦੀ ਹੈ। ਉਸ ਦਾ ਨਾਂ ਪੰਜਾਬੀ ਦੇ ਚੋਣਵੇਂ ਵਾਰਤਕਕਾਰਾਂ ਵਿੱਚ ਆਉਂਦਾ ਹੈ। ਹੱਥਲੇ ਪਰਚੇ ਵਿੱਚ ਬਲਰਾਜ ਸਾਹਨੀ ਦੀ ਸਵੈਜੀਵਨੀ 'ਮੇਰੀ ਫ਼ਿਲਮੀ ਆਤਮਕਥਾ' ਦੇ ਆਧਾਰ 'ਤੇ ਉਸ ਦੀ ਜੀਵਨ-ਦ੍ਰਿਸ਼ਟੀ ਨੂੰ ਸਮਝਣ ਤੇ ਉਜਾਗਰ ਕਰਨ ਦਾ ਯਤਨ ਕੀਤਾ ਗਿਆ ਹੈ। ਉਸ ਦੀ ਸਵੈਜੀਵਨੀ ਕਿਉਂਕਿ ਸਵੈ ਅਨੁਭਵ ਤੇ ਆਧਾਰਤ ਆਤਮ ਅਭਿਵਿਅਕਤੀ ਵਾਲਾ ਸਾਹਿਤ ਰੂਪ ਹੈ, ਇਸ ਲਈ ਉਹ ਆਪਣੇ ਜੀਵਨ, ਆਪਣੇ ਸੰਬੰਧਾਂ ਅਤੇ ਆਪਣੇ ਸਮਾਜ ਨਾਲ ਸੰਬੰਧਿਤ ਸਰੋਕਾਰਾਂ ਦੀ ਆਕਾਸੀ ਕਰਦਾ ਹੈ। ਇਨ੍ਹਾਂ ਦੇ ਹਵਾਲੇ ਨਾਲ ਹੀ ਇੱਥੇ ਉਸ ਦੀ ਜੀਵਨ-ਦ੍ਰਿਸ਼ਟੀ ਨੂੰ ਸਮਝਣ ਦਾ ਯਤਨ ਕੀਤਾ ਜਾ ਰਿਹਾ ਹੈ।

ਬਲਰਾਜ ਸਾਹਨੀ ਨੇ ਆਪਣੀ ਸਵੈਜੀਵਨੀ ਨੂੰ 'ਮੇਰੀ ਫ਼ਿਲਮੀ ਆਤਮਕਥਾ' ਨਾਂ ਦੇ ਕੇ ਬੇਸ਼ੱਕ ਫ਼ਿਲਮੀ ਜੀਵਨ ਅਨੁਭਵ ਤੱਕ ਹੀ ਸੀਮਤ ਕਰਨ ਦਾ ਯਤਨ ਕੀਤਾ ਹੈ, ਪਰ ਅਸਲ ਵਿੱਚ ਇਹ ਉਸ ਦੇ ਸਮੁੱਚੇ ਜੀਵਨ ਦੇ ਬਹੁਤ ਸਾਰੇ ਵੇਰਵੇ ਛੁਪਾਈ ਬੈਠੀ ਹੈ, ਜਿੰਨ੍ਹਾਂ ਵਿਚੋਂ ਲੇਖਕ ਦਾ ਵਿਸ਼ਾਲ ਜੀਵਨ ਅਨੁਭਵ ਤੇ ਜੀਵਨ-ਦ੍ਰਿਸ਼ਟੀਕੋਣ ਝਲਕਦਾ ਹੈ। ਇਸ ਸਵੈਜੀਵਨੀ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ: ਪਹਿਲਾ ਭਾਗ ਤੇ ਦੂਜਾ ਭਾਗ। ਪਹਿਲੇ ਭਾਗ ਦੇ ਗਿਆਰਾਂ ਕਾਂਡ ਹਨ, ਜਿੰਨਾਂ ਵਿੱਚ ਉਸ ਨੇ ਕਾਮਯਾਬ ਫ਼ਿਲਮੀ ਅਦਾਕਾਰ ਦੇ ਅਨੁਭਵ ਤੋਂ ਸ਼ੁਰੂਆਤ ਕਰਦਿਆਂ ਆਪਣੇ ਬਚਪਨ, ਬਚਪਨ ਦੇ ਫ਼ਿਲਮੀ ਅਨੁਭਵਾਂ, ਕਾਲਜ ਜੀਵਨ ਦੌਰਾਨ ਅੰਗਰੇਜ਼ੀ ਸਾਹਿਤ ਤੇ ਅੰਗਰੇਜ਼ੀ ਫ਼ਿਲਮਾਂ ਦੇ ਪਏ ਪ੍ਰਭਾਵਾਂ, ਸ਼ਾਂਤੀ ਨਿਕੇਤਨ ਦੇ ਅਲੋਕਾਰੀ ਅਨੁਭਵ, ਸੇਵਾ ਗ੍ਰਾਮ ਦੀ ਅਨੁਸ਼ਾਸ਼ਿਤ ਜ਼ਿੰਦਗੀ, ਬੀ.ਬੀ.ਸੀ. ਲੰਡਨ ਵਿੱਚ ਬਤੌਰ ਅਨਾਊਂਸਰ ਬਿਤਾਏ ਜੀਵਨ ਦੇ ਖੁਸ਼ਗਵਾਰ ਪਲਾਂ ਤੇ ਪ੍ਰਾਪਤ ਕੀਤੇ ਕਲਾਤਮਕ ਅਨੁਭਵਾਂ, ਵਿਸ਼ਵ ਯੁੱਗ ਦੇ ਪ੍ਰਭਾਵਾਂ ਤੇ ਮਨੁੱਖੀ ਸੋਚ ਵਿੱਚ ਆਏ ਪਰਿਵਰਤਨਾਂ, ਆਰਥਕ ਤੰਗੀਆਂ, ਫ਼ਿਲਮਾਂ ਵਿੱਚ ਆਉਣ ਦੇ ਇਤਫ਼ਾਕ ਤੇ ਕੀਤੇ ਸੰਘਰਸ਼ ਦਾ ਵਰਣਨ ਕੀਤਾ ਹੈ। ਸਵੈਜੀਵਨੀ

ਦੇ ਦੂਜੇ ਭਾਗ ਦੇ ਅੱਠ ਕਾਂਡਾਂ ਵਿੱਚ ਪਤਨੀ ਦਮਿਯੰਤੀ ਦੀ ਮੌਤ ਉਪਰੰਤ ਪੈਦਾ ਹੋਈ ਨਿਰਾਸ਼ਾ, ਅਸਫਲਤਾਵਾਂ, ਫ਼ਿਲਮੀ ਦੁਨੀਆ ਵਿੱਚ ਲਗਾਤਾਰ ਸੰਘਰਸ਼ ਅਤੇ ਫ਼ਿਲਮੀ ਅਦਾਕਾਰੀ ਦੌਰਾਨ ਪ੍ਰਾਪਤ ਅਨੁਭਵਾਂ ਨੂੰ ਚਿਤਰਿਆ ਹੈ।

ਸਵੈ-ਜੀਵਨੀ ਆਧੁਨਿਕ ਪੰਜਾਬੀ ਵਾਰਤਕ ਦੀ ਇਕੋ ਇੱਕ ਐਸੀ ਵਿਧਾ ਹੈ ਜੋ ਲੇਖਕ ਦੇ ਸਵੈ ਬਾਰੇ ਸਭ ਤੋਂ ਵੱਧ ਜਾਣਕਾਰੀ ਪ੍ਰਸਤੁਤ ਕਰਨ ਦੀ ਸਮਰੱਥਾ ਰੱਖਦੀ ਹੈ। ਓਨੀ ਦੇਰ ਕਿਸੇ ਸਾਹਿਤਕਾਰ ਦਾ ਸਾਹਿਤਕ ਸਫ਼ਰ ਮੁਕੰਮਲ ਨਹੀਂ ਸਮਝਿਆ ਜਾਂਦਾ, ਜਦੋਂ ਤੱਕ ਉਹ ਆਪਣੀ ਸਵੈ-ਜੀਵਨੀ ਪਾਠਕਾਂ ਦੀ ਕਚਹਿਰੀ ਵਿੱਚ ਪੇਸ਼ ਨਹੀਂ ਕਰਦਾ। ਜ਼ਿੰਦਗੀ ਦੇ ਤਜ਼ਰਬੇ ਨੂੰ ਪਾਠਕਾਂ ਸਾਹਮਣੇ ਪੇਸ਼ ਕਰਨ ਦੀ ਉਸ ਦੀ ਪ੍ਰਬਲ ਇੱਛਾ ਹੀ ਸਵੈ-ਜੀਵਨੀ ਲਿਖਣ ਲਈ ਪ੍ਰੇਰਨਾ ਸਰੋਤ ਬਣਦੀ ਹੈ।[4]

IV

'ਮੇਰੀ ਫ਼ਿਲਮੀ ਆਤਮਕਥਾ' ਵਿੱਚ ਬਲਰਾਜ ਸਾਹਨੀ ਦੀ ਸਵੈ ਨਾਲ ਸੰਬੰਧਿਤ ਜੀਵਨ-ਦ੍ਰਿਸ਼ਟੀ, ਉਸ ਦੇ ਸਵੈ ਤੱਕ ਹੀ ਸੀਮਤ ਨਹੀਂ ਰਹਿੰਦੀ ਸਗੋਂ 'ਸਵੈ' ਤੋਂ 'ਪਰ' ਤੱਕ ਫੈਲਦੀ ਦਿਖਾਈ ਦਿੰਦੀ ਹੈ। ਫ਼ਿਲਮੀ ਸੰਸਾਰ ਅਜਿਹਾ ਤਲਿੱਸਮੀ ਸੰਸਾਰ ਹੈ, ਜਿੱਥੇ ਬੰਦੇ ਨੂੰ ਉਸ ਦੀ ਹਕੀਕਤ ਭੁੱਲ ਜਾਂਦੀ ਹੈ। ਇਸੇ ਲਈ ਜਦੋਂ ਸਮੇਂ ਦੇ ਬੀਤਣ ਨਾਲ ਇਹ ਸੰਸਾਰ ਰੇਤ ਦੇ ਪਹਾੜ ਵਾਂਗ ਖੇਰੂੰ-ਖੇਰੂੰ ਹੁੰਦਾ ਹੈ ਤਾਂ ਜ਼ਿੰਦਗੀ ਦੇ ਅਰਥ ਬਿਲਕੁਲ ਬਦਲ ਜਾਂਦੇ ਹਨ। ਬਲਰਾਜ ਸਾਹਨੀ ਨੂੰ ਫ਼ਿਲਮੀ ਦੁਨੀਆ ਵਿੱਚ ਕਾਮਯਾਬ ਹੋਣ ਲਈ ਲਗਾਤਾਰ ਸੰਘਰਸ਼ ਕਰਨਾ ਪਿਆ। ਉਸ ਨੇ ਇਸ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਦਾ ਸਾਹਮਣਾ ਕੀਤਾ ਹੈ। ਇਸ ਨੂੰ ਬਹੁਤ ਨੇੜਿਓ ਦੇਖਿਆ ਵੀ ਹੈ ਅਤੇ ਹੰਡਾਇਆ ਵੀ ਹੈ। ਕਾਮਯਾਬੀ ਦੀ ਸਿਖ਼ਰ ਦਾ ਆਨੰਦ ਵੀ ਮਾਣਿਆ ਤੇ ਛੋਟੇ-ਮੋਟੇ ਰੋਲ ਪ੍ਰਾਪਤ ਕਰਨ ਲਈ ਕਈ ਪਾਪੜ ਵੀ ਵੇਲੇ। ਫ਼ਿਲਮੀ ਪਰਦੇ 'ਤੇ ਵੱਖ-ਵੱਖ ਭੂਮਿਕਾਵਾਂ ਨਿਭਾਉਂਦੇ ਹੋਏ ਇੱਕ ਅਦਾਕਾਰ ਨੂੰ ਕਿਵੇਂ ਇੱਕ ਬਣਾਉਟੀ ਪਰ ਸੁਪਨਮਈ ਜ਼ਿੰਦਗੀ ਜੀਊਣ ਦੀ ਆਦਤ ਪੈ ਜਾਂਦੀ ਹੈ ਅਤੇ ਕੇਵਲ ਆਦਤ ਹੀ ਨਹੀਂ ਪੈਂਦੀ, ਸਗੋਂ ਉਹ ਇਸ ਤਰ੍ਹਾਂ ਦੇ ਜੀਵਨ ਵਿਚੋਂ ਭਰਪੂਰ ਸੁਆਦ ਵੀ ਮਾਣਦਾ ਹੈ। ਇਹ ਬਣਾਵਟੀਪਨ ਉਨ੍ਹਾਂ ਨੂੰ ਅਸਲੀਅਤ ਤੋਂ ਕੋਹਾਂ ਦੂਰ ਲੈ ਜਾਂਦਾ ਹੈ, ਜਿਸ ਦਾ ਪਤਾ ਉਦੋਂ ਲੱਗਦਾ ਹੈ ਜਦੋਂ ਕਾਮਯਾਬੀ ਦਾ ਦੌਰ ਗੁਜ਼ਰ ਜਾਂਦਾ ਹੈ:

'ਅਜੀਬ ਨਿਰਾਲੀ ਦੁਨੀਆ ਹੈ ਸਾਡੀ ਤਮਾਸ਼ੇ ਵਾਲਿਆਂ ਦੀ...ਅਸੀਂ ਜਿਹੜੇ ਦੁਨੀਆਂ ਨੂੰ ਹਸਾਂਦੇ-ਰੁਆਂਦੇ ਹਾਂ, ਲੋਕਾਂ ਦੇ ਤਸੱਵਰ ਨੂੰ ਉਡਾ ਕੇ ਇੱਕ ਤਲਿਸਮੀ ਸੰਸਾਰ ਵਿੱਚ ਲੈ ਜਾਂਦੇ ਹਾਂ। ਅਚਿੰਤੇ ਆਪ ਵੀ ਉਸੇ ਸੰਸਾਰ ਵਿੱਚ ਜਾ ਵੱਸਦੇ ਹਾਂ। ਅਸੀਂ ਆਪਣੀ ਅਸਲੀ ਜ਼ਿੰਦਗੀ ਨੂੰ ਵੀ ਨਾਟਕ ਤੇ ਫ਼ਿਲਮ ਬਣਾ ਛੱਡਦੇ ਹਾਂ'।[5]

ਬਲਰਾਜ ਸਾਹਨੀ ਆਪਣੇ ਨਿੱਜੀ ਜੀਵਨ-ਅਨੁਭਵ ਦੇ ਆਧਾਰ 'ਤੇ ਬਾਲ-ਮਨ 'ਤੇ ਪੈਣ ਵਾਲੇ ਫ਼ਿਲਮੀ ਪ੍ਰਭਾਵਾਂ ਦੇ ਮਾਰੂ ਅਸਰਾਂ ਦਾ ਵੀ ਜ਼ਿਕਰ ਕਰਦਾ ਹੈ। ਉਸ ਦੀ ਦ੍ਰਿਸ਼ਟੀ ਵਿੱਚ ਘਟੀਆ ਫ਼ਿਲਮਾਂ ਜਿੱਥੇ ਮਨੁੱਖ ਦੀ ਸ਼ਖ਼ਸੀਅਤ ਵਿੱਚ ਗਿਰਾਵਟ ਪੈਦਾ ਕਰਦੀਆਂ ਹਨ ਉੱਥੇ ਵਧੀਆ ਫ਼ਿਲਮਾਂ ਕੌਮੀਅਤ ਲਈ ਸਤਿਕਾਰ ਪੈਦਾ ਕਰਨ ਦੇ ਨਾਲ-ਨਾਲ ਉੱਚਾ ਕਿਰਦਾਰ ਵੀ ਬਣਾਉਂਦੀਆਂ ਹਨ। ਫ਼ਿਲਮਾਂ ਮਨੁੱਖਤਾ ਵਿੱਚ ਵਿਸ਼ਵਾਸ ਬਣਾ ਵੀ ਸਕਦੀਆਂ ਹਨ ਅਤੇ ਖ਼ਤਮ ਵੀ ਕਰ ਸਕਦੀਆਂ ਹਨ। ਉਹ ਬਚਪਨ ਵਿੱਚ ਦੇਖੀਆਂ ਘਟੀਆ ਪੱਧਰ ਦੀਆਂ ਫ਼ਿਲਮਾਂ ਦੇ ਆਪਣੇ ਬਾਲ-ਮਨ 'ਤੇ ਪਏ ਪ੍ਰਭਾਵਾਂ ਦਾ ਜ਼ਿਕਰ ਕਰਦਿਆਂ ਕਹਿੰਦਾ ਹੈ:

"ਇਸਤਰੀ ਨੂੰ ਕੇਵਲ ਪੁਰਸ਼ ਦੇ ਕਾਮ-ਭੁੱਖ ਮਿਟਾਉ ਪਦਾਰਥ ਰੂਪ ਵਿੱਚ ਵੇਖਣ ਦੀ ਸਿੱਖਿਆ ਮੈਨੂੰ ਬੜੀ ਪ੍ਰਵੀਨਤਾ ਨਾਲ ਦਿੱਤੀ ਜਾ ਚੁੱਕੀ ਸੀ।"[6]

ਇਸ ਸਵੈਜੀਵਨੀ ਵਿਚੋਂ ਬਲਰਾਜ ਸਾਹਨੀ ਦੇ ਸਵੈ ਦੀ ਜੋ ਤਸਵੀਰ ਉੱਭਰਦੀ ਹੈ, ਉਹ ਲਗਾਤਾਰ ਪਰਿਵਰਤਨਸ਼ੀਲ ਤੇ ਦਵੰਦ ਦਾ ਸ਼ਿਕਾਰ ਦਿਖਾਈ ਦਿੰਦਾ ਹੈ। ਇਸੇ ਲਈ ਉਸ ਦੇ ਫ਼ਿਲਮਾਂ ਬਾਰੇ ਵਿਚਾਰ ਵੀ ਲਗਾਤਾਰ ਪਰਿਵਰਤਤ ਹੁੰਦੇ ਰਹਿੰਦੇ ਹਨ। ਜਵਾਨੀ ਦੀ ਦਹਿਲੀਜ਼ ਤੇ ਪੈਰ ਰੱਖਦਿਆਂ ਹੀ ਅੰਗਰੇਜ਼ੀ ਫ਼ਿਲਮਾਂ ਵਿੱਚਲੀ ਰੁਮਾਨੀਅਤ ਅਤੇ ਜਾਂਬਾਜ਼ੀ ਉਸ ਨੂੰ ਪ੍ਰਭਾਵਿਤ ਕਰਦੇ ਹਨ। ਪਰ ਕਾਲਜ ਦੀ ਸਿੱਖਿਆ ਦੌਰਾਨ ਉਸ ਨੂੰ ਫ਼ਿਲਮਾਂ ਦੇ ਕਲਾਤਮਕ ਪੱਖ ਦੀ ਸਮਝ ਆਉਣੀ ਸ਼ੁਰੂ ਹੁੰਦੀ ਹੈ ਤਾਂ ਉਹ ਇੰਨ੍ਹਾਂ ਦੇ ਯਥਾਰਥਵਾਦੀ ਪ੍ਰਭਾਵ ਦਾ ਕਾਇਲ ਹੁੰਦਾ ਹੈ।

"ਮੈਂ ਬੜੇ ਮਾਣ ਨਾਲ ਕਹਿ ਸਕਦਾ ਹਾਂ ਕਿ ਯਥਾਰਥਵਾਦੀ ਨਾਟ ਅਤੇ ਅਭਿਨਯ ਕਲਾ ਦੀਆਂ ਮੁੱਢਲੀਆਂ ਕਦਰਾਂ ਸਿਧਾਂਤਕ ਤੌਰ 'ਤੇ ਅੰਗਰੇਜ਼ੀ ਦੇ ਐੱਮ. ਏ. ਅਧਿਐਨ ਨੇ ਅਤੇ ਅਮਲੀ ਤੌਰ 'ਤੇ ਗੌਰਮਿੰਟ ਕਾਲਜ ਲਾਹੌਰ ਦੀ ਡਰਾਮੈਟਿਕ ਸੁਸਾਇਟੀ ਨੇ ਹੀ ਪਹਿਲੋਂ ਪਹਿਲ ਮੈਨੂੰ ਸਿਖਾਈਆਂ। ਜਦੋਂ ਟੀਚੇ ਸਪੱਸ਼ਟ ਹੋ ਜਾਣ ਤਾਂ ਬਾਕੀ ਖੇਡ ਲਗਨ ਤੇ ਮਿਹਨਤ ਹੀ ਰਹਿ ਜਾਂਦੀ ਹੈ। ਕਦੇ ਨਾ ਕਦੇ ਠੋਕਰਾਂ ਖਾਂਦਾ ਇਨਸਾਨ ਉਨ੍ਹਾਂ ਟੀਚਿਆਂ ਤੀਕ ਅਪੜ ਜਾਂਦਾ ਹੈ।"[7]

ਬਲਰਾਜ ਸਾਹਨੀ ਆਪਣੇ ਸਾਰੇ ਉਸਤਾਦਾਂ ਤੇ ਉਨ੍ਹਾਂ ਸ਼ਖ਼ਸੀਅਤਾਂ ਨੂੰ ਯਾਦ ਕਰਦਾ ਹੈ ਜਿਨ੍ਹਾਂ ਨੇ ਉਸਨੂੰ ਜੀਵਨ ਦੇ ਟੀਚਿਆਂ ਤੇ ਕਲਾ ਦੀ ਸਮਝ ਦਿੱਤੀ। ਉਹ ਨਿਊ ਥੀਏਟਰਜ਼ ਦੀ ਫ਼ਿਲਮਾਂ (ਪੂਰਨ ਭਗਤ, ਦੇਵਦਾਸ ਆਦਿ) ਦੇ ਯਥਾਰਥਵਾਦੀ ਪ੍ਰਭਾਵ ਵੀ ਸਾਂਝਾ ਕਰਦਾ ਹੈ ਜੋ ਉਸ ਵਰਗੇ ਅੰਗਰੇਜ਼ ਪ੍ਰਸਤ ਨੌਜਵਾਨਾਂ ਦੀ ਜ਼ਿੰਦਗੀ ਵਿੱਚ ਅਜਿਹੀ ਹਲਚਲ ਪੈਦਾ ਕਰਦੀਆਂ ਹਨ ਕਿ ਪਲਾਂ ਵਿੱਚ ਹੀ ਮਨੁੱਖ ਰਾਸ਼ਟਰੀਅਤਾ ਦਾ ਸ਼ੁਦਾਈ ਹੋ ਜਾਂਦਾ ਹੈ। ਲੰਡਨ ਰਹਿੰਦਿਆਂ ਜਦੋਂ ਉਸਨੂੰ ਰੂਸੀ ਫ਼ਿਲਮਾਂ ਦੇਖਣ ਦਾ ਮੌਕਾ ਮਿਲਦਾ ਹੈ ਤਾਂ ਉਸਨੂੰ ਅੰਗਰੇਜ਼ੀ ਫ਼ਿਲਮਾਂ ਦੀ ਹਕੀਕਤ ਸਮਝ ਆਉਂਦੀ ਹੈ:

"ਅਮਰੀਕਨ ਫ਼ਿਲਮਾਂ ਇਨਸਾਨ ਨੂੰ ਘਟੀਆ, ਆਪਣੀਆਂ ਪ੍ਰਸਥਿਤੀਆਂ ਅਤੇ ਬਿਰਤੀਆਂ ਦਾ ਗੁਲਾਮ ਵਿਖਾਉਂਦੀਆਂ ਸਨ ਤੇ ਉਸਦੀਆਂ ਅੰਦਰੂਨੀ ਤਾਕਤਾਂ ਦੇ ਨਹੀਂ, ਉਸਦੀਆਂ ਕੰਮਜ਼ੋਰੀਆਂ ਦੇ ਰਾਗ ਅਲਾਪਦੀਆਂ ਸਨ।"[8]

ਉਸ ਦੀ ਨਜ਼ਰ ਵਿੱਚ ਅਮਰੀਕੀ ਫ਼ਿਲਮਾਂ ਇੱਕ ਨਸ਼ੇ ਵਾਂਗ ਹਨ ਜੋ ਮਨੁੱਖ ਨੂੰ ਬੇਕਾਰ ਕਰਦੀਆਂ ਹਨ, ਜਦਕਿ ਰੂਸੀ ਫ਼ਿਲਮਾਂ ਮਨੁੱਖ ਦੀ ਅੰਦਰੂਨੀ ਸ਼ਕਤੀ ਨੂੰ ਜਿਊਂਦਾ ਕਰਦੀਆਂ ਹਨ। ਲੇਖਕ ਫ਼ਿਲਮਾਂ ਦੇ ਮਨੁੱਖੀ ਮਨ ਤੇ ਪੈਣ ਵਾਲੇ ਪ੍ਰਭਾਵ ਅਤੇ ਇਨ੍ਹਾਂ ਦੀ ਹਕੀਕਤ ਬਾਰੇ ਵੀ ਚਰਚਾ ਕਰਦਾ ਹੈ। ਬਦਲਦੇ ਹਲਾਤਾਂ ਵਿੱਚ ਕਾਲ-ਅੰਤਰ 'ਚ ਵਿਚਰਦਿਆਂ ਲੇਖਕ ਨੂੰ ਇਨ੍ਹਾਂ ਦਾ ਜ਼ਮੀਨੀ ਸੱਚ ਪਤਾ ਲੱਗਦਾ ਹੈ ਕਿ ਇਹ ਹੋਰਨਾ ਨਸ਼ਿਆਂ ਵਾਂਗ ਕੇਵਲ ਇੱਕ ਨਸ਼ਾ ਮਾਤਰ ਹਨ। ਕੋਈ ਵੀ ਨਸ਼ਾ ਮਨੁੱਖ ਨੂੰ ਕੁਝ ਸਮੇਂ ਲਈ ਤਾਂ ਉਸ ਦੇ ਵਰਤਮਾਨ ਦੀਆਂ ਮੁਸੀਬਤਾਂ ਤੋਂ ਪਰੇ ਰੱਖ ਸਕਦਾ ਹੈ ਪਰ ਨਿਜਾਤ ਨਹੀਂ ਦਵਾ ਸਕਦਾ। ਉਸ ਅਨੁਸਾਰ ਫ਼ਿਲਮਾਂ ਇੱਕ ਅਜਿਹਾ ਮੈਦਾਨ ਹਨ ਜਿਸ ਦੇ ਵਿਸ਼ਾਲ ਕਾਲਪਨਿਕ ਘੇਰੇ ਵਿੱਚ ਮਨੁੱਖ ਨੂੰ ਉਹ ਸਭ ਕੁਝ ਕਰਨ ਦੀ ਖੁੱਲ੍ਹ ਹੁੰਦੀ ਹੈ ਜੋ ਅਸਲ ਜੀਵਨ ਵਿੱਚ ਨਹੀਂ ਮਿਲਦੀ।

ਜ਼ਿੰਦਗੀ ਦੀਆਂ ਦੁਸ਼ਵਾਰੀਆਂ ਨਾਲ ਦੋ ਚਾਰ ਹੁੰਦਿਆਂ ਮਨੁੱਖ ਪਲ-ਪਲ ਟੁੱਟਦਾ ਹੈ। ਜਵਾਨੀ ਦਾ ਨਸ਼ਾ ਉਸ ਨੂੰ ਯਥਾਰਥ ਦੀ ਦੁਨੀਆ ਤੋਂ ਦੂਰ ਕਲਪਨਾਵਾਂ ਦੇ ਜਗਤ ਵਿੱਚ ਵਧੇਰੇ ਰੱਖਦਾ ਹੈ ਪਰ ਜਦੋਂ ਉਸਦਾ ਵਾਹ ਹਕੀਕਤ ਨਾਲ ਪੈਂਦਾ ਹੈ ਤਾਂ ਦਿਨੇ ਤਾਰੇ ਦਿੱਸਣ ਵਾਲੀ ਹਾਲਤ ਹੋ ਜਾਂਦੀ ਹੈ। ਅਜਿਹੀ ਸਥਿਤੀ ਵਿੱਚ ਸਵੈ-ਮਾਨ ਗੁਆਚ ਜਾਂਦਾ ਹੈ ਤੇ ਮਨੁੱਖ ਨੂੰ ਕਈ ਪ੍ਰਕਾਰ ਦੇ ਸਮਝੌਤੇ ਕਰਨੇ ਪੈਂਦੇ ਹਨ। ਇੱਕ ਅਦਾਕਾਰ ਦੀ ਜ਼ਿੰਦਗੀ ਵਿੱਚ ਫ਼ਿਲਮੀ ਸਟੂਡੀਓ ਅਤੇ ਮੇਕਅੱਪ ਰੂਮ ਦੀ ਭੂਮਿਕਾ ਬਾਰੇ ਰੌਸ਼ਨੀ ਪਾਉਂਦੇ ਹੋਏ ਲੇਖਕ ਕਿਤੇ ਨਾ ਕਿਤੇ ਆਪਣੇ ਮਨ 'ਤੇ ਇਸ ਜਗ੍ਹਾਂ ਦੇ ਪਏ ਡੂੰਘੇ ਪ੍ਰਭਾਵ ਨੂੰ ਹੀ ਪ੍ਰਗਟਾਉਂਦਾ ਹੈ ਜਿਸ ਤੋਂ ਇਹ ਪਤਾ ਲਗਦਾ ਹੈ ਕਿ ਉਸ ਦੀ ਅੰਤਰ-ਆਤਮਾ 'ਤੇ ਇਸ ਦੀ ਗਹਿਰੀ ਛਾਪ ਪਈ ਹੋਈ ਹੈ। ਉਹ ਲਿਖਦਾ ਹੈ, 'ਹਰ ਸਟੂਡੀਓ ਦਾ ਮੇਕ ਅਪ ਰੂਮ ਇੱਕ ਤਰ੍ਹਾਂ ਨਾਲ ਯਾਦਾਂ ਦਾ ਤਾਜ ਮਹੱਲ ਹੀ ਹੈ। ਇਸ ਦੇ ਸ਼ੀਸ਼ੇ ਵਿੱਚ ਐਕਟਰੈੱਸ ਜਾਂ ਐਕਟਰ ਦਾ ਚਿਹਰਾ ਹੀ ਨਹੀਂ, ਆਤਮਾ ਵੀ ਅਕਸ ਛੱਡਦੀ ਹੈ ਪਰ ਕੀ ਲਾਭ ਇਸ ਕਿੱਸੇ ਨੂੰ ਛੇੜ ਕੇ"।[9]

ਫਿਲਮੀ ਦੁਨੀਆਂ ਵਿੱਚ ਸਮੇਂ ਦੇ ਬਦਲਣ ਨਾਲ ਹੋਣ ਵਾਲੀ ਅਦਾਕਾਰ/ਅਦਾਕਾਰਾਂ ਦੀ ਦੁਰਗਤ ਨੂੰ ਵੀ ਬੜੀ ਬਰੀਕਬਾਨੀ ਨਾਲ ਚਿਤਰਿਆ ਗਿਆ ਹੈ। ਵਿਸ਼ੇਸ਼ ਕਰਕੇ ਜਵਾਨੀ ਵਿੱਚ ਕਾਮਯਾਬੀ ਦੀ ਸਿਖ਼ਰ ਹਾਸਿਲ ਕਰਨ ਵਾਲੇ ਸਟਾਰ ਉਮਰ ਅਤੇ ਹਰਮਨ-ਪਿਆਰਤਾ ਘਟਣ 'ਤੇ ਉਨ੍ਹਾਂ ਨਾ-ਪਸੰਦ ਪ੍ਰੋਡਿਊਸਰਾਂ ਤੇ ਡਾਇਰੈਕਟਰਾਂ ਨਾਲ ਵੀ ਕੰਮ ਕਰਨ ਲਈ ਤਿਆਰ ਹੋ ਜਾਂਦੇ ਹਨ ਜਿਨ੍ਹਾਂ ਨਾਲ ਉਹ ਪਹਿਲਾਂ ਆਪਣੇ ਨਖ਼ਰੇ ਕਰਕੇ ਅਕਸਰ ਹੀ ਟਾਲਾ ਵੱਟਦੇ ਹਨ। ਇਸ ਸਵੈ-ਜੀਵਨੀ ਵਿੱਚ ਗੀਤਾ ਬਾਲੀ ਦੇ ਹਵਾਲੇ ਨਾਲ

ਇਸ ਪੱਖ ਬਾਰੇ ਵਿਸ਼ੇਸ਼ ਚਰਚਾ ਕੀਤੀ ਗਈ ਹੈ। ਉਂਝ ਤਾਂ ਹਰੇਕ ਪ੍ਰਕਾਰ ਦੀ ਜ਼ਿੰਦਗੀ ਵਿੱਚ ਹੀ ਮਨੁੱਖੀ ਸੰਬੰਧਾਂ ਦੀਆਂ ਕਈ ਤੈਹਾਂ ਮਿਲਦੀਆਂ ਹਨ ਪਰੰਤੂ ਫ਼ਿਲਮੀ ਦੁਨੀਆਂ ਵਿੱਚ ਦੋਸਤੀਆਂ ਦਾ ਦੁਸ਼ਮਣੀਆਂ ਵਿੱਚ ਬਦਲਣਾ ਇੱਕ ਬੜਾ ਆਮ ਤੇ ਸਹਿਜ ਵਰਤਾਰਾ ਹੈ। ਜਦੋਂ ਇੱਕ ਦੋਸਤ ਦੀ ਕਾਮਯਾਬੀ ਦੂਜੇ ਲਈ ਸਾੜੇ ਦਾ ਰੂਪ ਧਾਰਨ ਕਰ ਲੈਂਦੀ ਹੈ ਤਾਂ ਮਿਤਰਾਨਾ ਸੰਬੰਧ ਕੁੜੱਤਣ ਨਾਲ ਭਰ ਕੇ ਦੁਸ਼ਮਣੀ ਦਾ ਰੂਪ ਲੈ ਲੈਂਦੇ ਹਨ। ਇਸ ਸਵੈ-ਜੀਵਨੀ ਵਿੱਚ ਅਜਿਹੇ ਕਈ ਦੋਸਤਾਂ ਦਾ ਜ਼ਿਕਰ ਕੀਤਾ ਗਿਆ ਹੈ। ਲੇਖਕ ਅਨੁਸਾਰ ਇੰਡਸਟਰੀ ਵਿੱਚ ਇੱਕ ਸਫ਼ਲ ਫਿਲਮ ਸਟਾਰ ਦੀ ਤਾਂ ਹਰ ਹਿਮਾਕਤ ਨੂੰ ਅਣਗੌਲਿਆ ਕਰ ਦਿੱਤਾ ਜਾਂਦਾ ਹੈ ਪਰੰਤੂ ਇਸ ਖੇਤਰ ਵਿੱਚ ਜੱਦੋ-ਜਹਿਦ ਕਰਨ ਵਾਲਿਆਂ ਦੇ ਚੰਗੇ ਕੰਮਾਂ ਵਿਚੋਂ ਵੀ ਨੁਕਸ ਲੱਭ ਕੇ ਉਨ੍ਹਾਂ ਨੂੰ ਜ਼ਲੀਲ ਕਰਨ ਦਾ ਕੋਈ ਮੌਕਾ ਨਹੀਂ ਗਵਾਉਣ ਦਿੱਤਾ ਜਾਂਦਾ।

ਬਲਰਾਜ ਸਾਹਨੀ ਨਾ ਕੇਵਲ ਅਦਾਕਾਰਾਂ, ਡਾਇਰੈਕਟਰਾਂ ਅਤੇ ਪ੍ਰੋਡਿਊਸਰਾਂ ਦੇ ਵਿਹਾਰ ਸੰਬੰਧੀ ਟਿੱਪਣੀ ਕਰਦਾ ਹੈ ਸਗੋਂ ਉਹ ਭਾਰਤੀ ਤੇ ਰੂਸੀ ਫ਼ਿਲਮ ਸਟਾਰਾਂ, ਲੇਖਕਾਂ ਤੇ ਡਾਇਰੈਕਟਰਾਂ ਵਿਚਲੇ ਰੁਤਬੇ, ਕੀਮਤ ਤੇ ਸਤਿਕਾਰ ਵਿਚਲੇ ਅੰਤਰ ਦੇ ਹਵਾਲੇ ਨਾਲ ਭਾਰਤੀ ਸਮਾਜ ਵਿਚਲੀ ਮਾਨਸਿਕਤਾ ਨੂੰ ਉਲੀਕਣ ਦਾ ਯਤਨ ਕਰਦਾ ਲਿਖਦਾ ਹੈ,

"ਉਥੋਂ ਦੀ ਤੇ ਸਾਡੀ ਸਮਾਜਿਕ ਬਣਤਰ ਦਾ ਬੜਾ ਫ਼ਰਕ ਹੈ। ਇੱਥੇ ਹਿੰਦੁਸਤਾਨ ਵਿੱਚ ਝੂਠੀ ਸ਼ਾਨ ਵਿਖਾਏ ਬਗ਼ੈਰ ਇਨਸਾਨ ਦੀ ਘਰ ਵਿੱਚ ਵੀ ਕਦਰ ਨਹੀਂ, ਬਾਹਰ ਦਾ ਕੀ ਆਖ।"[10]

ਬਲਰਾਜ ਸਾਹਨੀ ਦੀ ਇਹ ਟਿੱਪਣੀ ਭਾਰਤੀ ਸਮਾਜਿਕ ਪ੍ਰਬੰਧ ਅਤੇ ਮਾਨਸਿਕਤਾ ਪ੍ਰਤੀ ਉਸ ਦੀ ਡੂੰਘੀ ਸੂਝ ਦੀ ਲਖਾਇਕ ਹੈ। ਉਹ ਰਾਸ਼ਰਟੀ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਪੇਸ਼ ਹੁੰਦੇ ਮਨੁੱਖੀ ਵਿਹਾਰ ਦੀਆਂ ਜ਼ਮੀਨੀ ਤੈਹਾਂ ਨੂੰ ਘੋਖਣ, ਪੜਤਾਲਣ ਅਤੇ ਪਛਾਣਨ ਵੱਲ ਕਿਰਿਆਸ਼ੀਲ ਦਿਖਾਈ ਦਿੰਦਾ ਹੈ। ਉਹ ਬੜੀ ਸੁਹਿਰਦਤਾ ਤੇ ਬੇਬਾਕੀ ਨਾਲ ਆਪਣੇ ਬਾਰੇ ਕਸੀਆਂ ਗਈਆਂ ਤਨਜ਼ਾਂ ਵੀ ਪਾਠਕਾਂ ਨਾਲ ਸਾਂਝੀਆਂ ਕਰਦਾ ਹੈ। ਉਹ ਬੜੇ ਨਾਟਕੀ ਢੰਗ ਨਾਲ ਇਹ ਤੱਥ ਪ੍ਰਸਤੁਤ ਕਰਦਾ ਹੈ ਕਿ ਕਿਵੇਂ ਥੋੜ੍ਹੀ ਜਿਹੀ ਕਾਮਯਾਬੀ ਮਿਲਣ ਤੇ ਹੀ ਫਿਲਮ ਸਟਾਰ ਸ਼ੇਖ ਚਿਲੀ ਵਾਂਗ ਵੱਡੇ ਸੁਪਨੇ ਬੁਣਨੇ ਸ਼ੁਰੂ ਕਰ ਦਿੰਦੇ ਹਨ ਅਤੇ ਫਿਰ ਪਤਾ ਹੀ ਨਹੀਂ ਲੱਗਦਾ ਕਿ ਉਹ ਕਿਥੋਂ ਆਏ ਸਨ ਅਤੇ ਕਿਧਰ ਗਏ? ਅਸਲ ਵਿੱਚ ਸਾਹਨੀ ਨੂੰ ਇਸ ਰੰਗੀਨ ਜ਼ਿੰਦਗੀ ਦੇ ਇਸ ਪਹਿਲੂ ਦਾ ਵੀ ਦਾ ਪੂਰਾ ਇਲਮ ਹੈ ਕਿ ਇਨ੍ਹਾਂ ਸਾਰੀਆਂ ਸ਼ੁਹਰਤਾਂ ਦਾ ਅੰਤਿਮ ਪੜਾਅ ਇੱਕ ਦਿਨ ਗੁੰਮਨਾਮੀ ਦੇ ਹਨੇਰੇ ਵਿੱਚ ਹੀ ਗੁਆਚਣਾ ਹੈ। ਉਹ ਲਿਖਦਾ ਹੈ,

"ਕਿਥੇ ਗਿਆ ਸਹਿਗਲ ਤੇ ਕਿਥੇ ਗਈਆਂ ਕਾਕਨ ਬਾਲਾ, ਪਹਾੜੀ ਆਨਯਾਲ, ਜਮੁਨਾ ਬਰੂਆ ਅਤੇ ਚੰਦਰ ਮੋਹਨ ਦੀਆਂ ਸ਼ੁਹਰਤਾਂ?"[11]

ਬੇਸ਼ੱਕ ਉਸ ਦਾ ਇਹ ਨਜ਼ਰੀਆਂ ਫਿਲਮੀ ਦੁਨੀਆਂ ਦੇ ਹਵਾਲੇ ਨਾਲ ਸੰਬੰਧਤ ਹੈ ਪਰੰਤੂ ਇਹ ਕੇਵਲ ਫ਼ਿਲਮੀ ਜੀਵਨ 'ਤੇ ਹੀ ਨਹੀਂ ਢੁੱਕਦਾਂ ਸਗੋਂ ਜੀਵਨ ਯਥਾਰਥ ਦੀ ਦਾਰਸ਼ਨਿਕ

ਦ੍ਰਿਸ਼ਟੀ ਤੋਂ ਮਨੁੱਖੀ ਜੀਵਨ ਦੇ ਸੱਚ ਨੂੰ ਵੀ ਪੇਸ਼ ਕਰਦਾ ਹੈ। ਉਹ ਘਟੀਆ ਪੱਧਰ ਦੀਆਂ ਫ਼ਿਲਮਾਂ ਦੇ ਮੁਲਾਂਕਣ ਦੁਆਰਾ ਬਸਤੀਵਾਦੀ ਸਾਮਰਾਜਵਾਦ ਦੀਆਂ ਅਜਿਹੀਆਂ ਸਾਜ਼ਿਸ਼ਾਂ ਨੂੰ ਵੀ ਬੇਨਕਾਬ ਕਰਦਾ ਹੈ ਜਿਹੜੀਆਂ ਸੱਭਿਆ ਦੀ ਬਜਾਇ ਅਸੱਭਿਅਕ ਮਾਨਵੀ ਵਿਹਾਰ ਨੂੰ ਸਿਰਜਣ ਲਈ ਕਈ ਸੰਦਾਂ ਵਜੋਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਉਹ ਘਟੀਆਂ ਕਿਸਮ ਦੀਆਂ ਫਿਲਮਾਂ ਨੂੰ ਇਹੋ ਜਿਹੀਆਂ ਸ਼ਾਜਿਸ਼ਾਂ ਵਿਚੋਂ ਇੱਕ ਮੰਨਦਾ ਹੈ, ਜੋ ਬਦਚਲਣੀ ਅਤੇ ਜਹਾਲਤ ਨੂੰ ਸ਼ਹਿ ਦਿੰਦੀਆਂ ਹਨ। ਬਲਰਾਜ ਸਾਹਨੀ ਦੀ ਇਸ ਦ੍ਰਿਸ਼ਟੀ ਨੂੰ ਜੇ ਨਵ-ਸਾਮਰਾਜਵਾਦ ਦੀਆਂ ਸ਼ਾਜਿਸ਼ਾਂ ਤੇ ਸੰਦਾਂ ਨਾਲ ਜੋੜ ਕੇ ਦੇਖਿਆ ਜਾਵੇ ਤਾਂ ਇਹ ਤਸਵੀਰ ਕਿਤੇ ਮਾਰੂ ਨਜ਼ਰ ਆਉਂਦੀ ਹੈ। ਸਰਮਾਏਦਾਰੀ, ਸਿਆਸਤ, ਸੱਤਾ, ਸ਼ਰਾਬ ਅਤੇ ਸ਼ਬਾਬ ਕਿਸ ਤਰ੍ਹਾਂ ਸਾਡੀ ਪਨੀਰੀ (ਬਚਪਨ) ਨੂੰ ਵੱਖ-ਵੱਖ ਸਾਧਨਾਂ-ਯੰਤਰਾਂ ਦੇ ਮਾਧਿਅਮ ਨਾਲ ਨਕਾਰਾ ਕਰ ਰਹੇ ਹਨ, ਇਹ ਸਭ ਸਾਡੇ ਸਾਹਮਣੇ ਹੈ।

ਜਵਾਨੀ ਜ਼ਿੰਦਗੀ ਦਾ ਅਜਿਹਾ ਪੜਾਅ ਹੈ ਜਿੱਥੇ ਮਨੁੱਖ ਨੂੰ ਰੁਮਾਂਸ ਤੇ ਜਾਂਬਾਜ਼ੀ ਦੋਵੇਂ ਪ੍ਰਭਾਵਿਤ ਕਰਦੇ ਹਨ। ਇਸ ਅਵਸਥਾ ਵਿੱਚ ਸਿੱਖਿਅਤ ਨੌਜਵਾਨ ਆਪਣੇ ਮਾਪਿਆਂ ਨੂੰ ਕਿਵੇਂ ਗੁੰਮਰਾਹ ਕਰਦੇ ਹਨ ਅਤੇ ਮਾਪੇ ਜਾਣਦੇ-ਬੁੱਝਦੇ ਹੋਏ ਵੀ ਕਿਵੇਂ ਖਾਮੋਸ਼ ਰਹਿੰਦੇ ਹਨ, ਇਸ ਨੂੰ ਲੇਖਕ ਨੇ ਆਪਣੀ ਜ਼ਿੰਦਗੀ ਦੇ ਹਵਾਲੇ ਨਾਲ ਪੇਸ਼ ਕੀਤਾ ਹੈ। ਉਸ ਅਨੁਸਾਰ ਫਿਲਮਾਂ ਨੌਜਵਾਨਾਂ ਦੇ ਮਨ 'ਤੇ ਅਜਿਹਾ ਤਲਿੱਸਮੀ ਅਸਰ ਪਾਉਂਦੀਆਂ ਹਨ ਕਿ ਹਰੇਕ ਨੌਜਵਾਨ ਹੀ ਆਪਣੇ ਆਪ ਨੂੰ ਇੱਕ ਹੀਰੋ ਸਮਝਣ ਵਾਲੀ ਭ੍ਰਾਂਤੀ ਦਾ ਸ਼ਿਕਾਰ ਹੋ ਕੇ ਆਪਣੇ ਹੁਲੀਏ ਤੇ ਆਪਣੇ ਆਪ ਨੂੰ ਉਹੋ ਜਿਹਾ ਹੀ ਤਸੱਵਰ ਕਰਨ ਲੱਗਦਾ ਹੈ। ਅਜਿਹੀ ਪੜ੍ਹੀ ਲਿਖੀ ਜਮਾਤ ਆਪਣੇ ਆਪ ਨੂੰ ਮੁਕੰਮਲ ਰੂਪ ਵਿੱਚ ਅੰਗਰੇਜ਼ ਬਣਾਉਣ ਲਈ ਯਤਨਸ਼ੀਲ ਰਹਿੰਦੀ ਹੈ। ਪਰੰਤੂ ਜਦੋਂ ਉਨ੍ਹਾਂ ਦਾ ਇਹ ਤਲਿੱਸਮ ਟੁੱਟਦਾ ਹੈ ਤਾਂ ਜ਼ਿੰਦਗੀ ਦੀ ਅਸਲ ਤਸਵੀਰ ਦਿਖਾਈ ਦਿੰਦੀ ਹੈ। ਬਲਰਾਜ ਸਾਹਨੀ ਦੇ ਸ਼ਬਦਾਂ ਵਿੱਚ,

"ਕਾਲਿਜ ਦਾ ਦੌਰ ਖ਼ਤਮ ਹੋਇਆ ਜੀਵਨ ਦੇ ਅਖਾੜੇ ਵਿੱਚ ਉਤਰਨ ਦਾ ਵੇਲਾ ਆਇਆ। ਪੈਂਦਿਆਂ ਹੀ ਬੜੀਆਂ ਪੁੱਠੀਆਂ ਮਾਰਾਂ ਖਾਧੀਆਂ। ਨਕਸੀਰ ਡਿੱਗਣ ਲੱਗ ਪਈ। ਮੂੰਹ-ਮੱਥਾ ਸੁੱਜ ਗਿਆ, ਬਾਂਹ ਰੁਮਾਲ ਵਿੱਚ ਟੰਗਣੀ ਪਈ"।[12]

ਕਿਸੇ ਵੀ ਤਲਿੱਸਮ ਦਾ ਜਾਦੂ ਮਨੁੱਖ 'ਤੇ ਉਦੋਂ ਤੱਕ ਰਹਿੰਦਾ ਹੈ, ਜਦੋਂ ਤੱਕ ਉਹ ਭਰਮ ਵਿੱਚ ਹੁੰਦਾ ਹੈ। ਜਦੋਂ ਹੀ ਇਹ ਭਰਮ ਦਾ ਪਰਦਾ ਚੁੱਕਿਆ ਜਾਂਦਾ ਹੈ ਤਾਂ ਮਨੁੱਖ ਵਲੋਂ ਸਿਰਜੀ ਗਈ ਤਲਿੱਸਮੀ ਦੁਨੀਆਂ ਵੀ ਰੇਤ ਦੇ ਪਹਾੜ ਵਾਂਗ ਖੇਰੂ-ਖੇਰੂ ਹੋ ਜਾਂਦੀ ਹੈ। ਇਸ ਤਰ੍ਹਾਂ ਤਲਿੱਸਮ ਮਨੁੱਖ ਦੀਆਂ ਅੱਖਾਂ ਅੱਗੇ ਪਿਆ ਇੱਕ ਅਜਿਹਾ ਪਰਦਾ ਹੈ ਜਿਹੜਾ ਉਸ ਨੂੰ ਜੀਵਨ ਯਥਾਰਥ ਨੂੰ ਵੇਖਣ ਅਤੇ ਸਮਝਣ ਤੋਂ ਇਨਕਾਰੀ ਬਣਾਉਂਦਾ ਹੈ। ਇਸੇ ਤਰ੍ਹਾਂ ਮਾਨਵੀ ਜੀਵਨ ਯਥਾਰਥ ਵਿੱਚ ਮੌਤ ਇੱਕ ਅਜਿਹਾ ਭਿਅੰਕਰ ਸੱਚ ਹੈ ਜੋ ਮਨੁੱਖ ਦੇ ਸਾਹਮਣੇ ਵਿਭਿੰਨ ਵਸਤਾਂ,

ਵਰਤਾਰਿਆਂ ਅਤੇ ਸੰਬੰਧਾਂ ਦਾ ਯਥਾਰਥ ਪੇਸ਼ ਕਰਦੀ ਹੈ। ਮੌਤ ਨੂੰ ਸਾਹਮਣੇ ਦੇਖ ਕੇ ਮਨੁੱਖ ਨੂੰ ਕਿਸੇ ਸਵਾਦ ਦਾ ਖਿਆਲ ਨਹੀਂ ਰਹਿੰਦਾ। ਸਮਾਂ, ਸਥਾਨ ਅਤੇ ਪ੍ਰਸਥਿਤੀਆਂ ਪਰਿਵਰਤਿਤ ਹੋਣ ਨਾਲ ਮਨੁੱਖ ਨੂੰ ਹਰੇਕ ਵਰਤਾਰੇ ਦਾ ਸੱਚ ਸਮਝ ਆਉਣ ਲੱਗਦਾ ਹੈ। ਮਨੁੱਖ ਜਦੋਂ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਦਾ ਸਾਹਮਣਾ ਕਰ ਰਿਹਾ ਹੁੰਦਾ ਹੈ ਤਾਂ ਉਸ ਦਾ ਮਨੋਬਲ ਕਈ ਵਾਰ ਟੁੱਟਦਾ ਹੈ ਅਤੇ ਅਜਿਹੇ ਵਿੱਚ ਪ੍ਰਾਪਤ ਹੋਣ ਵਾਲੀ ਇੱਕ ਛੋਟੀ ਜਿਹੀ ਕਾਮਯਾਬੀ ਹੀ ਉਸ ਦਾ ਸਾਰਾ ਗੁਆਚਿਆ ਆਤਮ-ਵਿਸ਼ਵਾਸ਼ ਵਾਪਿਸ ਲਿਆ ਦਿੰਦੀ ਹੈ।

ਬੇਸ਼ੱਕ ਬਲਰਾਜ ਸਾਹਨੀ ਦੀ ਦ੍ਰਿਸ਼ਟੀ ਵਿੱਚ ਸਾਹਿਤ ਅਤੇ ਰਾਜਨੀਤੀ ਨਾਲ ਸੰਬੰਧਤ ਮਹਾਨ ਸ਼ਖ਼ਸੀਅਤਾਂ ਫਿਲਮੀ ਸਟਾਰਾਂ ਤੋਂ ਵਧੇਰੇ ਸਤਿਕਾਰਯੋਗ ਹਨ ਅਤੇ ਉਸ ਨੂੰ ਫਿਲਮਾਂ ਦੇ ਮੁਕਾਬਲੇ ਸੇਵਾਗ੍ਰਾਮ ਦਾ ਵਾਤਾਵਰਨ ਵਧੇਰੇ ਅਰਥ ਭਰਪੂਰ ਅਤੇ ਮਹੱਤਵਸ਼ਾਲੀ ਪ੍ਰਤੀਤ ਹੁੰਦਾ ਹੈ। ਪਰੰਤੂ ਸ਼ਾਂਤੀ ਨਿਕੇਤਨ ਵਰਗੀਆਂ ਅਨੁਸ਼ਾਸ਼ਿਤ ਸੰਸਥਾਵਾਂ ਦਾ ਅਨੁਭਵ ਗ੍ਰਹਿਣ ਕਰਨ ਮਗਰੋਂ ਜਦੋਂ ਉਹ ਲੰਡਨ ਦੇ ਖੁੱਲ੍ਹੇ-ਡੁੱਲ੍ਹੇ ਸੁੱਖ ਸਹੂਲਤਾਂ ਵਾਲੇ ਜੀਵਨ ਅਨੁਭਵ ਦਾ ਆਨੰਦ ਲੈਂਦਾ ਹੈ ਤਾਂ ਯਥਾਰਥ ਦੀ ਸੋਝੀ ਰੱਖਣ ਦੇ ਬਾਵਜੂਦ ਵੀ ਉਹ ਆਪਣੀਆਂ ਦਮਿਤ ਇਛਾਵਾਂ ਦਾ ਸ਼ਿਕਾਰ ਹੋ ਜਾਂਦਾ ਹੈ। ਅਚੇਤ ਸੰਸਕਾਰ ਮਨੁੱਖ ਦਾ ਉਹ ਪੱਖ ਹਨ, ਜਿਨ੍ਹਾਂ ਨੂੰ ਫਰਾਇਡ ਅਵਚੇਤਨ ਕਹਿੰਦਾ ਹੈ। ਜਦੋਂ ਮਨੁੱਖ ਆਪਣੀਆਂ ਮੂਲ ਬਿਰਤੀਆਂ ਦੀ ਤ੍ਰਿਪਤੀ ਵੱਲ ਰੁਚਿਤ ਹੁੰਦਾ ਹੈ ਤਾਂ ਕਲਾ ਵਰਗੇ ਅਤੀ ਉੱਤਮ ਅਹਿਸਾਸ ਵੀ ਇਸ ਲਈ ਦੁਜੇਲੈ ਹੋ ਜਾਂਦੇ ਹਨ। ਲੇਖਕ ਨੇ ਇਸ ਸਭ ਦੀ ਅਭਿਵਿਅਕਤੀ ਜਿਸ ਤਰ੍ਹਾਂ ਕੀਤੀ ਹੈ, ਇਸ ਤੋਂ ਉਸਦੀ ਮਨੋਵਿਗਿਆਨਕ ਸਮਝ ਨੂੰ ਉਲੀਕਿਆ ਜਾ ਸਕਦਾ ਹੈ,

"…….ਸੇਵਾ ਗ੍ਰਾਮ ਅਤੇ ਸ਼ਾਂਤੀ ਨਿਕੇਤਨ ਵਿੱਚ ਰਹਿ ਕੇ ਇਤਨਾ ਜ਼ਰੂਰ ਸਮਝ ਗਿਆ ਸਾਂ ਕਿ ਇਸ ਸਾਰੇ ਧਨ-ਐਸ਼ਵਰਜ ਨੂੰ ਸਾਡੇ ਦੇਸ਼ ਦੀ ਰੱਤ ਚੂਸ ਕੇ ਸਿੰਜਿਆ ਗਿਆ ਹੈ, ਪਰ ਮਨ ਦੇ ਸੁਚੇਤ ਸੰਸਕਾਰਾਂ ਨਾਲੋਂ ਅਚੇਤ ਸੰਸਕਾਰ ਜ਼ਿਆਦਾ ਪ੍ਰਬਲ ਹੁੰਦੇ ਹਨ"।[13]

ਬੀ.ਬੀ.ਸੀ. ਵਿੱਚ ਆਪਣੇ ਕਾਰਜਕਾਲ ਦੌਰਾਨ ਪ੍ਰਾਪਤ ਕੀਤਾ ਜੀਵਨ ਅਨੁਭਵ ਬਲਰਾਜ ਸਾਹਨੀ ਨੂੰ ਬਾਅਦ ਵਿੱਚ ਅਦਾਕਾਰ ਵਜੋਂ ਸਹਾਇਕ ਸਿੱਧ ਹੁੰਦਾ ਹੈ। ਉਹ ਵਿਸ਼ੇਸ਼ ਕਰਕੇ ਇੱਥੇ ਮਿਲਣ ਵਾਲੀਆਂ ਵੱਖ-ਵੱਖ ਸਾਹਿਤਕ ਸ਼ਖ਼ਸੀਅਤਾਂ, ਕਲਾਕਾਰਾਂ ਅਤੇ ਚਿੰਤਕਾਂ ਦੇ ਕੰਮ ਕਰਨ ਦੇ ਤਰੀਕਿਆਂ, ਉਨ੍ਹਾਂ ਦੁਆਰਾ ਅਨੁਸ਼ਾਸਨਸ਼ੀਲਤਾ, ਸੁਹਿਰਦਤਾ ਅਤੇ ਆਪਣੇ ਸਾਥੀ ਕਲਾਕਾਰਾਂ ਨਾਲ ਸਤਿਕਾਰ ਭਰਪੂਰ ਵਿਹਾਰ ਤੋਂ ਬੇਹੱਦ ਮੁਤਾਸਰ ਹੁੰਦਾ ਹੈ। ਉਹ ਬਾਬ ਹੋਪ, ਲਾਰੰਸ ਓਲੀਵੀਅਰ, ਮਾਈਕਲ ਰੈਡਗਰੇਵ, ਬੇਬ ਡੇਨੀਅਲ, ਵਿਵਅਨ ਲੀ ਅਤੇ ਅਜਿਹੇ ਹੋਰਨਾਂ ਅਨੇਕਾਂ ਕਲਾਕਾਰਾਂ ਦੀ ਆਪਣੇ ਕੰਮ ਪ੍ਰਤੀ ਲਗਨ, ਮਿਹਨਤ, ਪ੍ਰਤੀਬੱਧਤਾ, ਅਨੁਸ਼ਾਸਨ ਅਤੇ ਜੂਨੀਅਰ ਕਲਾਕਾਰਾਂ ਨਾਲ ਵਿਕਤਰਾ ਰਹਿਤ ਵਿਹਾਰ ਆਦਿ ਪੱਖਾਂ ਤੋਂ ਏਨਾ ਪ੍ਰਭਾਵਿਤ ਹੁੰਦਾ ਹੈ ਕਿ ਉਸ ਨੂੰ ਭਾਰਤੀ ਅਦਾਕਾਰਾਂ ਦੀ ਕਾਰਜਸ਼ੈਲੀ ਅੰਗਰੇਜ਼ੀ

ਕਲਾਕਾਲਾਂ ਦੇ ਮੁਕਾਬਲੇ ਕਾਫ਼ੀ ਸੱਖਣੀ ਜਿਹੀ ਮਹਿਸੂਸ ਹੁੰਦੀ ਹੈ ਅਤੇ ਕਲਾ ਪ੍ਰਤੀ ਉਸ ਦਾ ਇਹ ਨਜ਼ਰੀਆ ਬਣਦਾ ਹੈ ਕਿ, "ਆਰਟ ਦੀ ਪ੍ਰੇਰਨਾ ਧੁਰ ਦਰਗਾਹੋਂ ਨਹੀਂ ਆਉਂਦੀ, ਸਗੋਂ ਸਵੈ-ਸੰਜਮ, ਸਾਧਨਾ, ਮਿਹਨਤ ਅਤੇ ਪਾਬੰਦੀ ਨਾਲ ਆਉਂਦੀ ਹੈ। ਅਦਾਕਾਰੀ ਦੇ ਮੇਰੇ ਕਲਪਿਤ ਮਿਆਰ ਹੋਰ ਉੱਚੇ ਹੋਏ ਅਤੇ ਸਮਝ ਆਈ ਕਿ ਖਰਾ ਕੀ ਹੈ ਅਤੇ ਖੋਟਾ ਕੀ?"[14]
ਅਸਲ ਵਿੱਚ ਦੂਜੀ ਵਿਸ਼ਵ ਜੰਗ ਤੋਂ ਬਾਅਦ ਜੋ ਸੰਸਾਰ ਪੱਧਰ ਤੇ ਵਾਪਰਦਾ ਹੈ, ਉਸ ਨਾਲ ਲੋਕਾਂ ਦੀਆਂ ਰੁਚੀਆਂ ਵਿੱਚ ਵੀ ਤਬਦੀਲ ਹੁੰਦੀਆਂ ਹਨ। ਪੜ੍ਹੇ ਲਿਖੇ ਮੱਧ ਵਰਗ ਦੀਆਂ ਰੁਚੀਆਂ ਤੇ ਜਨ-ਸਧਾਰਨ ਦੀਆਂ ਰੁਚੀਆਂ ਵਿੱਚ ਵੱਡਾ ਫਰਕ ਨਜ਼ਰੀ ਪੈਂਦਾ ਹੈ। ਦੂਜੀ ਸੰਸਾਰ ਜੰਗ ਮਗਰੋਂ ਭਾਰਤੀ ਫਿਲਮ ਇੰਡਸਟਰੀ ਮੁਨਾਫ਼ਾਖੋਰੀ ਲਈ ਕਿਵੇਂ ਕਲਾ ਦੀਆਂ ਕਦਰਾਂ-ਕੀਮਤਾਂ ਨਾਲ ਖਿਲਵਾੜ ਕਰਦੀ ਹੈ, ਇਸ ਸੰਬੰਧੀ ਵੀ ਬਲਰਾਜ ਸਾਹਨੀ ਇਸ ਵਿੱਚ ਆ ਚੁੱਕੇ ਠੇਕਾਦਾਰੀ ਸਿਸਟਮ ਬਾਰੇ ਤਸਵੀਰ ਸਾਂਝੀ ਕਰਦਾ ਹੈ ਕਿ ਕਿਸ ਪ੍ਰਕਾਰ ਪ੍ਰੋਡਿਊਸਰ ਧਨਵਾਨਾਂ ਕੋਲੋਂ ਪੂੰਜੀ ਲੈ ਕੇ ਅਗਾਂਹ ਡਾਇਰੈਕਟਰ, ਲੇਖਕ, ਕਲਾਕਾਰ ਤੇ ਟੈਕਨੀਸ਼ੀਅਨਾਂ ਨਾਲ ਠੇਕਾ ਕਰਕੇ ਫਿਲਮਾਂ ਬਣਾਉਂਦੇ ਹਨ। ਇਸੇ ਲਈ ਹੁਣ ਫਿਲਮਾਂ ਦੀ ਕਾਮਯਾਬੀ ਦਾ ਪੈਮਾਨਾ ਇਨ੍ਹਾਂ ਵਿਚਲੀ ਕਲਾਤਮਕਤਾ ਨਹੀਂ ਰਹਿੰਦਾ, ਸਗੋਂ ਇਹ ਬਣ ਜਾਂਦਾ ਹੈ ਕਿ ਇਹ ਮੁਨਾਫ਼ਾ ਕਿੰਨਾ ਦੇ ਰਹੀਆਂ ਹਨ?
ਬਲਰਾਜ ਸਾਹਨੀ ਦੀ ਦ੍ਰਿਸ਼ਟੀ ਵਿੱਚ ਫਿਲਮਾਂ ਦਾ ਕਲਾਤਮਕ ਪੱਖ ਵਧੇਰੇ ਮਹੱਤਵਪੂਰਨ ਹੈ। ਇਸੇ ਲਈ ਉਹ ਨਿਊ ਥੀਏਟਰਜ ਦੁਆਰਾ ਬਣਾਈਆਂ ਗਈਆਂ ਕਲਾਤਮਕ ਫਿਲਮਾਂ ਨੂੰ ਹੀ ਅਸਲ ਵਿਚ ਮੰਨਦਾ ਹੈ। ਉਸ ਦੀ ਦ੍ਰਿਸ਼ਟੀ ਵਿਚ ਕਲਾਤਮਕਤਾ ਨੂੰ ਅਣਗੌਲਿਆ ਕਰਕੇ ਕੇਵਲ ਮੁਨਾਫ਼ੇ ਲਈ ਫਿਲਮਾਂ ਬਣਾਉਣਾ ਜ਼ਮੀਰ ਨਾਲ ਧੋਖਾ ਕਮਾਉਣ ਵਾਂਗ ਹੈ। ਉਸ ਦਾ ਮੰਨਣਾ ਹੈ ਕਿ ਫਿਲਮਾਂ ਦੇ ਕੇਂਦਰੀ ਧੁਰੇ ਸੰਜੀਦਗੀ, ਦੁਖਾਂਤ ਅਤੇ ਆਦਰਸ਼ ਹੋਣੇ ਚਾਹੀਦੇ ਹਨ ਤਾਂ ਜੋ ਇਹ ਸਮਾਜ ਨੂੰ ਕੋਈ ਸਾਰਥਕ ਸੇਧ ਪ੍ਰਦਾਨ ਕਰ ਸਕਣ। ਫਿਲਮ ਦੀ ਦੁਨੀਆਂ ਵਿੱਚ ਆਦਰਸ਼ਵਾਦ ਦੀ ਭੂਮਿਕਾ ਬਾਰੇ ਉਹ ਕਹਿੰਦਾ ਹੈ,
"ਇਸ ਲਾਈਨ ਵਿੱਚ ਆਦਰਸ਼ਵਾਦ ਦੀ ਬਹੁਤੀ ਗੁੰਜ਼ਾਇਸ਼ ਨਹੀਂ"[15]
ਬਲਰਾਜ ਸਾਹਨੀ ਦੀ ਦ੍ਰਿਸ਼ਟੀ ਵਿੱਚ ਫ਼ਿਲਮੀ ਦੁਨੀਆ ਵਿੱਚ ਸਫ਼ਲ ਫ਼ਿਲਮ ਸਟਾਰ ਦੀ ਹਰ ਹਿਮਾਕਤ ਨੂੰ ਅਣਗੌਲਿਆ ਕੀਤਾ ਜਾਂਦਾ ਹੈ। ਉਸ ਦੀ ਨਜ਼ਰ ਵਿੱਚ ਸਾਹਿਤ ਤੇ ਰਾਜਨੀਤੀ ਨਾਲ ਜੁੜੀਆਂ ਸ਼ਖ਼ਸੀਅਤਾਂ ਦਾ ਜੀਵਨ ਫ਼ਿਲਮਾਂ ਦੇ ਮੁਕਾਬਲੇ ਵਧੇਰੇ ਅਰਥ ਭਰਪੂਰ ਤੇ ਮਹੱਤਵਸ਼ਾਲੀ ਹੈ। ਇਹੀ ਕਾਰਨ ਹੈ ਕਿ ਫ਼ਿਲਮੀ ਦੁਨੀਆ ਦਾ ਹਿੱਸਾ ਹੋਣ ਦੇ ਬਾਵਜੂਦ ਉਸ ਨੂੰ ਇਹ ਜ਼ਿੰਦਗੀ ਬਨਾਵਟੀ ਤੇ ਮਾਨਸਿਕ ਅਸੰਤੁਸ਼ਟੀ ਦੇਣ ਵਾਲੀ ਲੱਗਦੀ ਹੈ। ਉਸ ਅਨੁਸਾਰ ਜੇ ਫ਼ਿਲਮੀ ਜ਼ਿੰਦਗੀ ਕਿਸੇ ਨੂੰ ਰਾਸ ਆ ਜਾਵੇ ਤਾਂ ਜੁਆਨੀ ਹੰਢਾ ਚੁੱਕਾ

ਮਨੁੱਖ ਮੁੜ ਜੁਆਨ ਬਣ ਜਾਂਦਾ ਹੈ ਨਹੀਂ ਤੇ ਚੰਗਾ ਭਲਾ ਬੰਦਾ ਵੀ ਟੱਕਰਾਂ ਮਾਰਦਾ ਹੋਇਆ ਹਾਰ-ਹੰਭ ਕੇ ਬੁਢਾਪੇ ਦੀ ਦਹਿਲੀਜ਼ ਤੇ ਪਹੁੰਚ ਜਾਂਦਾ ਹੈ।

V

ਮੇਰੀ ਫ਼ਿਲਮੀ ਆਤਮਕਥਾ ਦੇ ਪਾਠਾਤਮਕ ਵਿਸ਼ਲੇਸ਼ਣ ਦੁਆਰਾ ਇਹ ਪੱਖ ਉਘੜ ਕੇ ਸਾਹਮਣੇ ਆਉਂਦਾ ਹੈ ਕਿ ਇਸ ਵਿੱਚ ਪ੍ਰਸਤੁਤ ਜੀਵਨ-ਦ੍ਰਿਸ਼ਟੀ ਬਲਰਾਜ ਸਾਹਨੀ ਦੇ ਸਵੈ ਨਾਲ ਸੰਬੰਧਤ ਹੁੰਦੀ ਹੋਈ 'ਸਵੈ' ਤੋਂ 'ਪਰ' ਤੱਕ ਫੈਲਦੀ ਦਿਖਾਈ ਦਿੰਦੀ ਹੈ। ਇਸ ਸਵੈ-ਜੀਵਨੀ ਵਿਚੋਂ ਬਲਰਾਜ ਸਾਹਨੀ ਦੇ ਸਵੈ ਦੀ ਜੋ ਤਸਵੀਰ ਉੱਘੜਦੀ ਹੈ, ਉਸ ਤੋਂ ਪਤਾ ਲੱਗਦਾ ਹੈ ਕਿ ਫ਼ਿਲਮੀਂ ਦੁਨੀਆਂ ਦਾ ਹਿੱਸਾ ਹੋਣ ਦੇ ਬਾਵਜੂਦ ਉਹ ਇਸ ਜ਼ਿੰਦਗੀ ਦੇ ਬਨਾਵਟੀਪਨ ਤੋਂ ਉਕਤਾਉਂਦਾ ਹੈ, ਕਿਉਂਕਿ ਇਹ ਜ਼ਿੰਦਗੀ ਨੂੰ ਮਾਨਸਿਕ ਤਸੱਲੀ ਪ੍ਰਦਾਨ ਨਹੀਂ ਕਰਦੀ। ਅਜਿਹੀ ਮਾਨਸਿਕਤਾ ਦਾ ਪ੍ਰਗਟਾਵਾ ਕਰਦਿਆਂ ਉਹ ਸਵੈ 'ਤੇ ਤਿੱਖਾ ਕਟਾਖਸ਼ ਵੀ ਕਰਦਾ ਹੈ। ਬਲਰਾਜ ਸਾਹਨੀ ਦਾ ਵਿਅਕਤਿਤਵ ਸਵੈ-ਕੇਂਦਰਤਾ ਅਤੇ ਸਮੂਹ-ਕੇਂਦਰਤਾ ਦੇ ਦਵੰਦ ਦਾ ਸ਼ਿਕਾਰ ਵੀ ਦਿਖਾਈ ਦਿੰਦਾ ਹੈ। ਉਹ ਆਪ ਆਪਣੀ ਇਸ ਪ੍ਰਸਥਿਤੀ ਬਾਰੇ ਪੂਰੀ ਤਰ੍ਹਾਂ ਚੇਤੰਨ ਹੈ। ਜਿੱਥੇ ਇੱਕ ਪਾਸੇ ਉਹ ਆਪਣੇ-ਆਪ ਨੂੰ ਬੇਹਦ ਖ਼ੂਬਸੂਰਤ ਤੇ ਵਿਲੱਖਣ ਸਮਝਦਾ ਹੋਇਆ ਆਲੇ-ਦੁਆਲੇ ਲਈ ਆਕਰਸ਼ਣ ਦਾ ਕੇਂਦਰ ਬਣਨਾ ਲੋਚਦਾ ਹੈ ਅਤੇ ਬਣਦਾ ਵੀ ਹੈ, ਉੱਥੇ ਉਸ ਅੰਦਰ ਲੋਕਾਈ ਦਾ ਦਰਦ ਮਹਿਸੂਸ ਕਰਨ ਅਤੇ ਮਨੁੱਖਤਾ ਨਾਲ ਪੀਢੀਆਂ ਸਾਂਝਾਂ ਪਾਉਣ ਦੀ ਪ੍ਰਬਲ ਕਾਮਨਾ ਵੀ ਦਿਖਾਈ ਦਿੰਦੀ ਹੈ। ਇਸੇ ਤਰ੍ਹਾਂ ਉਸ ਅੰਦਰ ਕਿਸੇ ਵਰਤਾਰੇ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਹੋਣ, ਉਸ ਪ੍ਰਭਾਵ ਅਧੀਨ ਆਪਣੀ ਸ਼ਨਾਖ਼ਤ ਤੱਕ ਬਦਲ ਲੈਣ ਅਤੇ ਫਿਰ ਉਸੇ ਵਰਤਾਰੇ ਦੇ ਵਿਰੁੱਧ ਬਾਗੀ ਬਣ ਕੇ ਖੜੇ ਹੋਣ ਵਾਲੀ ਦੋਹਰੀ ਪ੍ਰਵਿਰਤੀ ਵੀ ਪ੍ਰਤੀਬਿੰਬਤ ਹੁੰਦੀ ਹੈ।

## ਹਵਾਲੇ

[1] ਸੁਖਵੀਰ, "ਬਲਰਾਜ ਸਾਹਨੀ: ਇੱਕ ਚਿਹਰਾ, ਕਈ ਚਿਹਰੇ", ਸਮਕਾਲੀ ਸਾਹਿਤ, ਅਕਤੂਬਰ-ਦਸੰਬਰ, 2013, ਪੰਨਾ 101

[2] ਬਲਰਾਜ ਸਾਹਨੀ, ਮੇਰੀ ਫਿਲਮੀ ਆਤਮਕਥਾ, ਪੰਨਾ 138

[3] ਗੁਰਪ੍ਰੀਤ ਸਿੰਘ ਸਿੱਧੂ, ਬਲਰਾਜ ਸਾਹਨੀ ਦੀ ਪੰਜਾਬੀ ਵਾਰਤਕ: ਆਲੋਚਨਾਤਮਕ ਅਧਿਐਨ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2003, ਪੰਨਾ 5

[4] ਉਹੀ, ਪੰਨਾ 147

[5] ਮੇਰੀ ਫਿਲਮੀ ਆਤਮਕਥਾ, ਪੰਨਾ 12

[6] ਉਹੀ, ਪੰਨਾ 26

[7] ਉਹੀ, ਪੰਨਾ 41

[8] ਉਹੀ, ਪੰਨਾ 50

[9] ਉਹੀ, ਪੰਨਾ 11

[10] ਉਹੀ, ਪੰਨਾ 17

[11] ਉਹੀ, ਪੰਨਾ 20

[12] ਉਹੀ, ਪੰਨਾ 42

[13] ਉਹੀ, ਪੰਨਾ 48

[14] ਉਹੀ, ਪੰਨਾ 56

[15] ਉਹੀ, ਪੰਨਾ 72